Tender Heart High School, Class- IV (Punjabi)

Chapter-17 Gurpreet Kaur

1

ਪਿਆਰੇ ਵਿਦਿਆਰਥੀਓ,

ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ।
ਮੈਂ, ਗੁਰਪ੍ਰੀਤ ਕੌਰ ਅੱਜ ਤੁਹਾਨੂੰ ਲਗਾਖਰ 'ਅੱਧਕ' ਬਾਰੇ ਜਾਣਕਾਰੀ ਦੇਣ ਜਾ ਰਹੀ ਹਾਂ। ਜੇ, ਸਾਰੇ ਵਿਦਿਆਰਥੀ ਤਿਆਰ ਹਨ ਤਾਂ ਆਓ ਪੜ੍ਹਦੇ ਹਾਂ।

## ਅੱਧਕ




ਬ+ ੱ +ਚਾ = ਬੱਚਾ



ਬ+ ੱ +ਕ+ਰੀ = ਬੱਕਰੀ



ਪ+ ੱ +ਤਾ = ਪੱਤਾ



ਇ+ ੱ +ਟ = ਇੱਟ



ਬਿ+ ੱ +ਲੀ = ਬਿੱਲੀ



ਕੁ+ ੱ +ਕ+ੜ = ਕੁੱਕੜ

### ਪੜ੍ਹੋ, ਬੋਲੋ ਤੇ ਲਿਖੋ-

| | | | | |
|---|---|---|---|---|
| ਜੱਟ | ਛੱਤ | ਸੱਪ | ਨੱਕ | ਲੁੱਕ |
| ਲੱਤ | ਵੱਟਾ | ਦਿੱਲੀ | ਸਿੱਖ | ਮੁੱਠੀ |
| ਮਿੱਤਰ | ਲੱਕੜ | ਮੱਕੜੀ | ਤੱਕੜੀ | ਫੁੱਫੜ |
| ਮੁਕੱਦਰ | ਬੁੱਧਵਾਰ | ਮਨੁੱਖਤਾ | ਭੁਲੱਕੜ | ਮਿੱਟੀ ਘੱਟਾ |

Spiral

Class-IV Punjabi Chapter-17

(2)

# ਰਿੱਕੀ ਦਾ ਜਨਮ-ਦਿਨ

ਰਿੱਕੀ ਦਾ ਜਨਮ-ਦਿਨ ਹੈ।

ਸਕੂਲ ਵਿੱਚ ਸਭ ਮਿੱਤਰਾਂ ਨੇ ਉਸ ਨੂੰ ਜਨਮ-ਦਿਨ ਦੀ ਵਧਾਈ ਦਿੱਤੀ।

ਮਿੱਕੀ ਨੇ ਰਿੱਕੀ ਨੂੰ ਪਾਰਟੀ ਦੇਣ ਵਾਸਤੇ ਕਿਹਾ।

ਸਕੂਲ ਦੀ ਛੁੱਟੀ ਤੋਂ ਬਾਅਦ ਸਭ ਬੱਚੇ ਇਕੱਠੇ ਹੋ ਕੇ ਬਜ਼ਾਰ ਗਏ।

ਰਿੱਕੀ ਨੇ ਉਨ੍ਹਾਂ ਨੂੰ ਆਲੂ-ਟਿੱਕੀ, ਦਹੀਂ-ਭੱਲੇ ਅਤੇ ਗੋਲ ਗੱਪੇ ਖੁਆਏ।

ਸਭ ਨੇ ਰਿੱਕੀ ਦਾ ਧੰਨਵਾਦ ਕੀਤਾ।

ਉਸ ਨੂੰ ਚਾਕਲੇਟ ਦਾ ਇੱਕ ਡੱਬਾ ਦਿੱਤਾ।

ਸਭ ਮਿੱਤਰ ਨੱਚਦੇ-ਟੱਪਦੇ ਘਰਾਂ ਨੂੰ ਚਲੇ ਗਏ।

